# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

E-Mail id: dpobathinda@gmail.com Tel: 0164-2217295

ਵੱਲ

ਸਮੂਹ ਸਕੂਲ ਮੁਖੀ , (ਅੱਪਰ ਪ੍ਰਾਇਮਰੀ ਅਤੇ ਪ੍ਰਾਇਮਰੀ)

ਜਿਲ੍ਹਾ ਬਠਿੰਡਾ।

ਪੱਤਰ ਨੰ:- ਸਸਅ/ਜਨਰਲ/2022-23/2256 ਮਿਤੀ ਬਠਿੰਡਾ: 01.07.2022

**ਵਿਸ਼ਾ–** **ਸਾਲ 2022-24 ਲਈ ਮਿਤੀ 01.04.2022 ਤੋਂ 31.03.2024 ਤੱਕ 02 ਸਾਲਾਂ ਲਈ ਸਕੂਲ ਮੈਨੇਜਮੈਂਟ ਕਮੇਟੀਆਂ ਐਸ.ਐਮ.ਸੀ. ਦਾ ਗਠਨ ਕਰਨ ਸਬੰਧੀ।**

ਹਵਾਲਾ- ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ ਦੀ ਮੀਮੋ ਨੰ: **84946//DPIEE-SRVC010/1/2020-SERVICES-DPIEE/527 ਮਿਤੀ . ਸਅਸ ਨਗਰ 30.06.2022**

ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2009 ਦੀ ਧਾਰਾ 21 ਅਤੇ ਪੰਜਾਬ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਨਿਯਮ 2011 ਦੇ ਨਿਯਮ 13 ਅਧੀਨ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਇਲਾਵਾ ਹਰ ਇੱਕ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾਂ ਪ੍ਰਾਪਤ ਹੋਈਆ ਹਨ ਜਿਸ ਅਨੁਸਾਰ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਕਾਰਜਕਾਲ 2 ਸਾਲ ਦਾ ਹੀ ਹੋਵੇਗਾ। 2 ਸਾਲ ਦੀ ਮਿਆਦ ਖਤਮ ਹੋਣ ਉਪਰੰਤ ਜਦੋਂ ਤੱਕ ਨਵੀਂ ਕਮੇਟੀ ਦਾ ਗਠਨ ਨਹੀ ਹੁੰਦਾ ਉਦੋਂ ਤੱਕ ਪਹਿਲਾਂ ਬਣਾਈ ਗਈ ਕਮੇਟੀ / ਪੁਰਾਣੀ ਐਸ.ਐਮ.ਸੀ ਕਮੇਟੀ ਕੰਮ ਕਰਦੀ ਰਹੇਗੀ।

ਹਰੇਕ ਪ੍ਰਾਇਮਰੀ/ ਮਿਡਲ/ ਹਾਈ/ ਸੀਨੀਅਰ ਸੈਕੰਡਰੀ ਸਕੂਲ ਲਈ ਇੱਕ ਹੀ ਮੈਨੇਜਮੈਂਟ ਕਮੇਟੀ ਹੋਵੇਗੀ। ਸਕੂਲ ਮੈਨੇਜਮੈਂਟ ਕਮੇਟੀ ਦੇ ਗਠਨ ਸਬੰਧੀ ਹਦਾਇਤਾਂ ਆਪ ਨੂੰ ਨਾਲ ਨੱਥੀ ਕਰਕੇ ਭੇਜੀਆਂ ਜਾਂਦੀਆਂ ਹਨ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਕਮੇਟੀ ਦਾ ਗਠਨ ਕਰਦੇ ਸਮੇਂ ਮੁਖ ਦਫਤਰ ਤੋ ਪ੍ਰਾਪਤ ਹਦਾਇਤਾਂ ਅਤੇ ਪੱਤਰ ਨਾਲ ਦਰਸਾਏ ਗਏ ਟਾਈਮ ਲਾਈਨ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਨੱਥੀ- ਮੁਖ ਦਫਤਰ ਤੋਂ ਪ੍ਰਾਪਤ ਹਦਾਇਤਾਂ ਦੀ ਕਾਪੀ**

01/07/2022

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ।

ਪਿੰਠ ਅੰਕਣ ਨੰ:- ਮਿਤੀ- ਉਕਤ

ਉਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਾਰੇ ਸਕੂਲਾਂ ਵਿੱਚ ਸਮੇਂ ਸਿਰ ਅਤੇ ਉਕਤ ਹਦਾਇਤਾਂ ਅਨੁਸਾਰ ਐਸ.ਐਮ.ਸੀ. ਦਾ ਗਠਨ ਕਰਵਾਇਆ ਜਾਵੇ।

01/07/2022

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ।

ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ
ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ (ਸੇਵਾਵਾਂ ਸ਼ਾਖਾ)
Email ID: dpiee.service@punjabeducation.gov.in

01/07/2022
APC F/S

ਵੱਲ:-

ਸਮੂਹ ਜਿਲਾ ਸਿੱਖਿਆ ਅਫਸਰ (ਐਸਿ/ਸੈਸਿ),
ਉਪ-ਜਿਲਾ ਸਿੱਖਿਆ ਅਫਸਰ (ਐਸਿ/ਸੈਸਿ),
ਪੰਜਾਬ ਰਾਜ।

ਮੀਮੋ ਨੰ:84946/DPIEE-SRVC010/1/2020-SERVICES-DPIEE/527
ਮਿਤੀ:ਸਅਸ ਨਗਰ: 30/06/2022.

ਵਿਸ਼ਾ: ਸਾਲ 2022-24 ਲਈ ਮਿਤੀ 01/04/2022 ਤੋਂ 31/03/2024 ਤੱਕ 02 ਸਾਲਾਂ ਲਈ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦਾ ਗਠਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦਾ ਧਿਆਨ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009 ਦੀ ਧਾਰਾ 21 ਅਤੇ ਪੰਜਾਬ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਨਿਯਮ, 2011 ਦੇ ਨਿਯਮ 13 ਵੱਲ ਦਵਾਉਂਦੇ ਹੋਏ ਇਹ ਲਿਖਿਆ ਜਾਂਦਾ ਹੈ ਕਿ ਐਕਟ ਅਤੇ ਨਿਯਮਾਂ ਦੀ ਪਾਲਣਾ ਹਿੱਤ ਇਸ ਦਫ਼ਤਰ ਦੇ ਪੂਰਵ ਪੱਤਰ ਨੰ;ਆਰ.ਟੀ.ਈ./2018/337, ਮਿਤੀ 21/03/2018 ਰਾਹੀਂ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਤੋਂ ਇਲਾਵਾ ਹਰ ਇੱਕ ਸਕੂਲ ਲਈ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

ਸਕੂਲ ਮੈਨੇਜਮੈਂਟ ਕਮੇਟੀਆਂ ਦਾ ਕਾਰਜਕਾਲ ਪਹਿਲਾਂ ਵਾਂਗ 02 ਸਾਲ ਦਾ ਹੀ ਹੋਵੇਗਾ, ਜਿਸ ਪਿੱਛੋਂ ਇਹਨਾਂ ਕਮੇਟੀਆਂ ਦਾ ਮੁੜ ਗਠਨ ਕੀਤਾ ਜ਼ਾਵੇਗਾ, 02 ਸਾਲ ਦੀ ਮਿਆਦ ਖਤਮ ਹੋਣ ਉਪਰੰਤ ਜਦੋਂ ਤੱਕ ਨਵੀਂ ਕਮੇਟੀ ਦਾ ਗਠਨ ਨਹੀਂ ਹੁੰਦਾ ਉਦੋਂ ਤੱਕ ਪਹਿਲਾਂ ਬਣਾਈ ਗਈ ਕਮੇਟੀ/ਪੁਰਾਣੀ SMC ਕਮੇਟੀ ਕੰਮ ਕਰਦੀ ਰਹੇਗੀ।

ਹਰੇਕ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ ਲਈ ਇੱਕ ਹੀ ਮੈਨੇਜਮੈਂਟ ਕਮੇਟੀ ਹੋਵੇਗੀ। ਸਾਰੇ ਸਕੂਲਾਂ ਵਿੱਚ ਗਠਿਤ ਕੀਤੀਆਂ ਜਾਣ ਵਾਲੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਇੱਕਸਾਰਤਾ ਰੱਖਣ ਦੇ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਵੇ:-

(ੳ) ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 12 ਹੋਵੇਗੀ, ਜਿੰਨ੍ਹਾਂ ਵਿੱਚੋਂ 09 ਮੈਂਬਰਾਂ (75%) ਸਕੂਲ ਦੇ ਬੱਚਿਆਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਵਿੱਚੋਂ ਲਏ ਜਾਣਗੇ ਜਿੰਨ੍ਹਾਂ ਵਿੱਚੋਂ ਘੱਟੋ-ਘੱਟ 05 ਇਸਤਰੀਆਂ ਹੋਣਗੀਆਂ। ਇਹ ਮਾਪੇ ਜਾ ਸਰਪ੍ਰਸਤ ਮੈਂਬਰ ਉਨ੍ਹਾਂ ਵਿਦਿਆਰਥੀਆਂ ਦੇ ਹੋਣਗੇ, ਜਿੰਨ੍ਹਾਂ ਦੇ ਬੱਚਿਆਂ ਦਾ ਸਕੂਲ ਵਿੱਚ ਪੜ੍ਹਨ ਦਾ ਸਮਾਂ 03 ਸਾਲ ਜਾਂ ਉਸ ਤੋਂ ਵੱਧ ਦਾ ਬਾਕੀ ਰਹਿੰਦਾ ਹੋਵੇਗਾ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਸੁਵਿਧਾਰਹਿਤ (Disadvantage) ਅਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਦੇ ਮਾਪਿਆਂ ਨੂੰ ਅਨੁਪਾਤਿਕ ਨੁਮਾਇੰਦਗੀ ਦਿੱਤੀ ਜਾਵੇਗੀ।

(ਅ) ਇੱਕ ਮੈਂਬਰ ਸਥਾਨਕ ਅਥਾਰਟੀ (ਪੀ.ਆਰ.ਆਈ., ਐਮ.ਸੀ.) ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਲਿਆ ਜਾਵੇਗਾ। ਜਿਸ ਬਾਰੇ ਫੈਸਲਾ ਸਥਾਨਕ ਅਥਾਰਟੀ ਵੱਲੋਂ ਕੀਤਾ ਜਾਵੇਗਾ। ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਮੇਂ ਉਹ ਪੰਚਾਇਤ ਮੈਂਬਰ ਹੀ ਸ਼ਾਮਿਲ ਕੀਤੇ ਜਾਣਗੇ, ਜਿੰਨ੍ਹਾਂ ਪੰਚਾਇਤ ਮੈਂਬਰਾਂ ਦੇ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹੋਣਗੇ ਭਾਵ ਸਿੱਖਿਆ ਪ੍ਰਾਪਤ ਕਰ ਰਹੇ ਹੋਣਗੇ।

(ੲ) ਇੱਕ ਮੈਂਬਰ ਅਧਿਆਪਕਾਂ ਵਿੱਚੋਂ ਲਿਆ ਜਾਵੇਗਾ, ਜਿਸ ਬਾਰੇ ਫੈਸਲਾ ਅਧਿਆਪਕਾਂ ਵੱਲੋਂ ਕੀਤਾ ਜਾਵੇਗਾ।

(ਸ) ਬਾਕੀ ਇੱਕ ਮੈਂਬਰ ਸਥਾਨਕ ਸਿੱਖਿਆ ਮਾਹਿਰਾਂ ਜਾਂ ਸਕੂਲ ਦੇ ਬੱਚਿਆਂ ਵਿੱਚੋਂ ਲਏ ਜਾਣਗੇ, ਬੱਚਿਆਂ ਬਾਰੇ ਫੈਸਲਾ ਬੱਚਿਆਂ ਵਿੱਚੋਂ ਹੀ ਲਿਆ ਜਾਵੇਗਾ।

(ਹ) ਸਕੂਲ ਹੈਡ-ਟੀਚਰ ਜਾਂ ਜਿੱਥੇ ਸਕੂਲ ਦਾ ਹੈਡ-ਟੀਚਰ ਨਹੀਂ ਹੈ, ਉੱਥੇ ਸਕੂਲ ਦਾ ਸਭ ਤੋਂ ਸੀਨੀਅਰ ਮੋਸਟ ਟੀਚਰ ਸਕੂਲ ਮੈਨੇਜਮੈਂਟ ਕਮੇਟੀ ਦਾ ਅਕਸ ਆਫਿਸਓ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ, ਪ੍ਰੰਤੂ ਉਸ ਨੂੰ ਵੋਟ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਦੇ ਮੀਮੋ ਨੰ; 244795/501/ਸੇਪੁ(1) ਮਿਤੀ 29/09/2021 ਰਾਹੀਂ ਅਜਿਹੇ ਸਕੂਲਾਂ ਦੇ ਮੈਂਬਰ ਸਕੱਤਰ ਨੂੰ ਸਮੱਗਰਾ/ਨਾਬਾਰਡ ਦੀਆਂ ਗ੍ਰਾਂਟਾਂ ਨੂੰ ਖਰਚ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ, ਜੋ ਉਸਾਰੀ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

(ਕ) ਸਕੂਲ ਮੈਨੇਜਮੈਂਟ ਕਮੇਟੀਆਂ ਆਪਣਾ ਕਾਰਵਿਹਾਰ ਚਲਾਉਣ ਦੇ ਲਈ ਗੈਰ-ਸਰਕਾਰੀ ਮੈਂਬਰਾਂ ਵਿੱਚੋਂ ਇੱਕ ਚੇਅਰਪਰਸਨ ਅਤੇ ਵਾਇਸ-ਚੇਅਰਪਰਸਨ ਦੀ ਚੋਣ ਕਰੇਗੀ।

(ਖ) ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕਰਨ ਸਮੇਂ ਇਹ ਵੀ ਸੁਨਿਸਚਿਤ ਕੀਤਾ ਜਾਵੇਗਾ ਕਿ ਕਮੇਟੀ ਦੇ ਕੁੱਲ ਮੈਂਬਰਾਂ ਵਿੱਚ ਇਸਤਰੀਆਂ ਦੀ ਨੁਮਾਇੰਦਗੀ 50% ਤੋਂ ਘੱਟ ਨਾ ਹੋਵੇ।

## STRICT TIMELINE FOR FORMATION OF SCHOOL MANAGEMENT COMMITTEES

**For the Year 2022-24 from 01/04/2022 to 31/03/2024.**

| ਲੜੀ ਨੰ: | ਮਿਤੀ | ਕਮੇਟੀ ਦੇ ਗਠਨ ਸਬੰਧੀ ਕੀਤੇ ਜਾਣ ਵਾਲੇ ਕੰਮ | ਵਿਭਾਗ ਦਾ ਸੁਝਾਓ |
|---|---|---|---|
| 1. | 1/7/22 ਤੋਂ 6/7/22 ਤੱਕ | ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨੀ ਹੈ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਆਰ.ਟੀ.ਈ. ਐਕਟ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਵਿਸ਼ੇਸ਼ ਅਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। | ਸਕੂਲ ਮੁੱਖੀ ਵੱਲੋਂ ਆਮ-ਜਨਤਾ ਨੂੰ ਗੁਰਦੁਆਰਿਆਂ, ਨੁਕੜ ਨਾਟਕਾਂ, ਤਿਉਹਾਰ/ਮੇਲਿਆਂ, ਰੋਡ ਸ਼ੋਅਜ਼, ਬੱਸਾਂ ਤੇ ਪੰਚਾਇਤਾਂ ਵਿੱਚ, ਨਗਰ ਨਿਗਮਾਂ, ਪ੍ਰਿੰਟ ਮੀਡੀਆ, ਸੋਸ਼ਲ ਮੀਡੀਆ, ਇੰਟਰਨੈਟ ਰਾਹੀਂ ਅਤੇ Loud Speakers ਜ਼ਰੀਏ SMC ਕਮੇਟੀਆਂ ਦੀ ਵਿਸ਼ੇਸ਼ਤਾਵਾਂ ਬਾਰੇ ਸਪਸ਼ਟ ਅਤੇ ਸਟੀਕ ਜਾਣਕਾਰੀ ਦੇਣਗੇ। |
| 2. | 7/7/22 ਤੋਂ 13/7/22 ਤੱਕ | ਪੰਜਾਬ ਰਾਜ ਦੇ ਹਰ ਇੱਕ ਸਕੂਲ ਵਿੱਚ ਸਕੂਲ ਪ੍ਰਬੰਧਨ ਮੈਂਬਰ ਬਨਣ ਲਈ ਫਾਰਮ/ਨਾਮਜਦਗੀ ਪੱਤਰ ਭਰਵਾਏ ਜਾਣ। | ਸਕੂਲ ਮੁੱਖੀ ਵੱਲੋਂ ਮਿਤੀ 07/07/2022 ਤੋਂ 13/07/2022 ਤੱਕ ਸਕੂਲ ਪ੍ਰਬੰਧਨ ਕਮੇਟੀ ਦੇ ਗਠਨ ਸਬੰਧੀ ਸੱਦਾ ਪੱਤਰ ਦਿੱਤਾ ਜਾਵੇਗਾ, ਕਿ ਇਹ ਕਮੇਟੀ ਸਕੂਲ ਦੇ ਸੁਧਾਰ ਲਈ ਬਣਾਈ ਜਾ ਰਹੀ ਹੈ। ਇਸ ਦੇ ਮੈਂਬਰ ਤੁਹਾਡੇ ਸਾਰਿਆਂ ਵਿੱਚੋਂ ਚੁਣੇ ਜਾਣਗੇ, ਤੁਹਾਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚੋ ਅਤੇ ਵਧੀਆ ਕਮੇਟੀ ਬਣਾਉਣ ਵਿੱਚ ਹਿੱਸੇਦਾਰੀ ਪਾਓ। |
| 3. | 15/7/22 ਤੋਂ 20/7/22 ਤੱਕ | ਸਕੂਲ ਮੁੱਖੀ ਦੁਆਰਾ ਸੂਚੀ-ਬੱਧ ਕੀਤੇ ਜਾਣ ਵਾਲੇ ਅਰਜੀ ਫਾਰਮਾਂ ਅਤੇ ਯੋਗ ਉਮੀਦਵਾਰਾਂ ਦੀ ਪੜਤਾਲ ਕੀਤੀ ਜਾਵੇਗੀ। | ਸਮਾਂ-ਸੂਚੀ ਅਨੁਸਾਰ ਸਕੂਲ ਮੁੱਖੀ ਵੱਲੋਂ ਪ੍ਰਾਪਤ ਨਾਮੀਨੇਸ਼ਨਜ਼ ਦੀ ਪੜਤਾਲ ਕੀਤੀ ਜਾਵੇਗੀ ਅਤੇ ਯੋਗ ਉਮੀਦਵਾਰਾਂ ਦੇ ਨਾਂ ਆਪਣੇ ਰਿਕਾਰਡ ਵਿੱਚ ਦਰਜ ਕੀਤੇ ਜਾਣਗੇ। |
| 4. | 23/7/2022 | ਸਕੂਲ ਮੁੱਖੀ ਵੱਲੋਂ SMC ਕਮੇਟੀ ਦੀ ਚੋਣ ਕਰਨ ਬਾਰੇ Declare ਕੀਤਾ ਜਾਵੇ। | ਪ੍ਰਾਪਤ ਦਰਖਾਸਤਾਂ ਦੀ ਘੋਖ ਕਰਨ ਉਪਰੰਤ ਸਕੂਲ ਮੁੱਖੀ ਵੱਲੋਂ ਚੁਣੇ ਗਏ ਉਮੀਦਵਾਰਾਂ ਦੇ ਨਾਂ Declare ਕੀਤੇ ਜਾਣਗੇ। |
| 5. | 26/7/2022 | ਪੰਜਾਬ ਰਾਜ ਵਿੱਚ SMC ਕਮੇਟੀ ਦਾ ਗਠਨ ਕੀਤਾ ਜਾਵੇਗਾ ਅਤੇ ਇਸ ਬਾਰੇ ਜਿਲਾ ਸਿੱਖਿਆ ਅਫਸਰ ਨੂੰ ਵੀ ਸੂਚਿਤ ਕੀਤਾ ਜਾਵੇਗਾ। | ਸਕੂਲ ਮੁਖੀਆਂ ਵੱਲੋਂ ਸਕੂਲ ਮੈਨੇਜਮੈਂਟ ਕਮੇਟੀਆਂ (SMC) ਦੀ ਗਠਨ ਪ੍ਰਕਿਰਿਆ ਸਮੂਹ ਪੰਜਾਬ ਰਾਜ ਵਿੱਚ <u>ਇੱਕੋ ਹੀ ਦਿਨ</u> ਹੋਈ ਯਕੀਨੀ ਬਣਾਈ ਜਾਵੇ। |
| 6. | 28/7/2022 | ਸਕੂਲ ਮੁੱਖੀ ਵੱਲੋਂ ਗਠਿਤ ਕੀਤੀ ਗਈ SMC ਕਮੇਟੀ ਦਾ ਡਾਟਾ ਆਨਲਾਇਨ ਪੋਰਟਲ ਤੇ ਭਰਨਾ ਲਾਜਮੀ ਹੋਵੇਗਾ। | ਸਕੂਲ ਮੁੱਖੀਆਂ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਨੂੰ ਦਰਸਾਉਣ ਲਈ ਇੱਕ ਵਿਸ਼ੇਸ਼ ਫਾਰਮੇਟ ਵਿੱਚ ਈ-ਪੰਜਾਬ ਸਕੂਲ ਪੋਰਟਲ ਤੇ ਐਸ.ਐਮ.ਸੀ. ਵੇਰਵੇ ਅਪਲੋਡ ਕਰਨੇ ਯਕੀਨੀ ਬਣਾਏ ਜਾਣ। |

ਜਰੂਰੀ ਨੋਟ: ਸਮੂਹ ਜਿਲਾ ਸਿੱਖਿਆ ਅਫਸਰ (ਐਸਿ/ਸੈਸਿ), ਪੰਜਾਬ ਰਾਜ ਸਕੂਲ ਮੈਨੇਜਮੈਂਟ ਕਮੇਟੀਆਂ (SMC) ਦੇ ਗਠਨ ਲਈ ਉਕਤ ਟਾਈਮਲਾਈਨ ਦੀ ਇੰਨ-ਬਿੰਨ ਪਾਲਣਾ ਕਰਨੀ/ਕਰਵਾਉਣੀ ਯਕੀਨੀ ਬਣਾਉਣਗੇ।